Australian Government
Department of Home Affairs

# ਆਸਟ੍ਰੇਲੀਆ ਦੇ ਨਾਗਰਿਕ, ਸਥਾਈ ਵਸਨੀਕ ਜਾਂ ਨਿਊਜ਼ੀਲੈਂਡ ਦੇ ਨਾਗਰਿਕ ਜੋ ਆਮ ਤੌਰ ਤੇ ਆਸਟ੍ਰੇਲੀਆ ਵਿੱਚ ਵਸਨੀਕ ਹਨ

ਤੁਸੀਂ ਆਸਟ੍ਰੇਲੀਆ ਨੂੰ ਸਫਰ ਕਰ ਸਕਦੇ ਹੋ ਜੇਕਰ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ, ਪੱਕੇ ਵਸਨੀਕ ਜਾਂ ਆਮ ਤੌਰ ਤੇ ਆਸਟ੍ਰੇਲੀਆ ਵਿੱਚ ਰਹਿਣ ਵਾਲੇ ਨਿਊਜ਼ੀਲੈਂਡ ਦੇ ਨਾਗਰਿਕ ਹੋ।

ਆਸਟ੍ਰੇਲੀਆ ਦੇ ਭਾਈਚਾਰੇ ਦੀ ਸਿਹਤ ਦੀ ਸੁਰੱਖਿਆ ਕਰਨ ਲਈ ਆਸਟ੍ਰੇਲੀਆ ਨੇ ਸਖਤ ਸਰਹੱਦੀ ਪਾਬੰਦੀਆਂ ਲਗਾਈਆਂ ਹਨ। ਇਸ ਵੇਲੇ ਆਸਟ੍ਰੇਲੀਆ ਆਉਣ ਅਤੇ ਇੱਥੋਂ ਜਾਣ ਲਈ ਬਹੁਤ ਸੀਮਤ ਉਡਾਣਾਂ ਉਪਲਬਧ ਹਨ ਅਤੇ ਤੁਸੀਂ ਸ਼ਾਇਦ ਇਸ ਸਮੇਂ ਸਫਰ ਕਰਨ ਦੇ ਯੋਗ ਨਹੀਂ ਹੋ ਸਕੋਗੇ। Smartraveller ਵੇਖੋ ਸਫਰ ਦੀਆਂ ਪਾਬੰਦੀਆਂ ਬਦਲਣਯੋਗ ਹਨ। ਕਿਰਪਾ ਕਰਕੇ ਬਾਕਾਇਦਾ ਵਾਪਸ ਪਤਾ ਕਰਦੇ ਰਹੋ। ਵੇਖੋ: ਰਾਸ਼ਟਰੀ ਕੈਬਨਿਟ ਮੀਡੀਆ ਬਿਆਨ।

ਜਦ ਤੱਕ ਕਿ ਤੁਸੀਂ ਨਿਊਜ਼ੀਲੈਂਡ ਤੋਂ ਕੁਆਰੰਟੀਨ-ਮੁਕਤ ਉਡਾਣ ਉਪਰ ਆ ਰਹੇ ਹੋ, ਆਸਟ੍ਰੇਲੀਆ ਦੇ ਨਾਗਰਿਕਾਂ ਦੇ ਸਮੇਤ, ਆਸਟ੍ਰੇਲੀਆ ਵਿੱਚ ਪਹੁੰਚਣ ਵਾਲੇ ਸਾਰੇ ਯਾਤਰੀਆਂ ਨੂੰ, ਲਾਜ਼ਮੀ ਤੌਰ ਤੇ 14 ਦਿਨਾਂ ਲਈ ਦੂਸਰਿਆਂ ਤੋਂ ਪਰ੍ਹੇ ਮਿਥੀ ਹੋਈ ਸਹੂਲਤ ਵਿੱਚ ਰਹਿਣਾ ਪਵੇਗਾ, ਜਿਵੇਂ ਕਿ ਪਹੁੰਚਣ ਵਾਲੇ ਸ਼ਹਿਰ ਵਿੱਚਲੇ ਹੋਟਲ ਵਿੱਚ। ਯਾਤਰੀਆਂ ਵਾਸਤੇ ਕਰੋਨਾਵਾਇਰਸ (COVID-19) ਸਲਾਹ ਵੇਖੋ।

ਤੁਹਾਨੂੰ ਦੂਸਰਿਆਂ ਤੋਂ ਪਰ੍ਹੇ ਰਹਿਣ (ਆਪਣੀ ਕੁਆਰੰਟੀਨ) ਦੀਆਂ ਲਾਗਤਾਂ ਦਾ ਭੁਗਤਾਨ ਕਰਨ ਲਈ ਕਿਹਾ ਜਾ ਸਕਦਾ ਹੈ। ਦੂਸਰਿਆਂ ਤੋਂ ਪਰ੍ਹਾਂ ਰਹਿਣ ਦੀਆਂ ਜ਼ਰੂਰਤਾਂ ਬਾਰੇ ਵਧੇਰੇ ਪਤਾ ਕਰਨ ਲਈ ਸਬੰਧਿਤ ਰਾਜ ਜਾਂ ਕੇਂਦਰੀ ਪ੍ਰਦੇਸ਼ ਸਰਕਾਰ ਦੇ ਸਿਹਤ ਵਿਭਾਗ ਨਾਲ ਸੰਪਰਕ ਕਰੋ।

## ਆਸਟ੍ਰੇਲੀਆ ਦੇ ਨਾਗਰਿਕ

ਆਸਟ੍ਰੇਲੀਆ ਦੇ ਨਾਗਰਿਕ ਆਸਟ੍ਰੇਲੀਆ ਵਿੱਚ ਦਾਖਲ ਹੋ ਸਕਦੇ ਹਨ, ਅਤੇ ਵਿਸ਼ੇਸ਼ ਹਾਲਾਤਾਂ ਵਿੱਚ ਆਸਟ੍ਰੇਲੀਆ ਦੇ ਜਾਇਜ਼ ਪਾਸਪੋਰਟ ਦੇ ਬਿਨਾਂ ਦਾਖਲ ਹੋ ਸਕਦੇ ਹਨ। ਯਾਤਰਾ ਕਰਨ ਤੋਂ ਪਹਿਲਾਂ ਤੁਹਾਨੂੰ ਉਸ ਦੇਸ਼ ਵਿੱਚ ਲੱਗੀਆਂ ਪਾਬੰਦੀਆਂ ਬਾਰੇ ਪਤਾ ਹੋਣਾ ਚਾਹੀਦਾ ਹੈ ਜਿੱਥੋਂ ਤੁਸੀਂ ਜਾ ਰਹੇ ਹੋ। Smartraveller ਵੇਖੋ

ਜੇਕਰ ਤੁਹਾਡੇ ਕੋਲ ਜਾਇਜ਼ ਪਾਸਪੋਰਟ ਨਹੀਂ ਹੈ, ਅਤੇ ਪਾਸਪੋਰਟ ਜਾਰੀ ਕੀਤੇ ਜਾਣ ਤੋਂ ਪਹਿਲਾਂ ਤੁਰੰਤ ਯਾਤਰਾ ਕਰਨ ਦੀ ਲੋੜ ਹੈ, ਕਿਰਪਾ ਕਰਕੇ ਏਅਰਲਾਈਨ ਦੇ ਕਰਮਚਾਰੀਆਂ ਨੂੰ ਦੱਸ ਦਿਓ ਕਿ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਹੋ ਅਤੇ ਤੁਹਾਨੂੰ ਆਸਟ੍ਰੇਲੀਆ ਵਿੱਚ ਆਉਣ ਲਈ ਵੀਜ਼ੇ ਦੀ ਲੋੜ ਨਹੀਂ ਹੈ। ਏਅਰਲਾਈਨ ਤੁਹਾਡੀ ਨਾਗਰਿਕਤਾ ਦੀ ਪੁਸ਼ਟੀ ਕਰਨ ਲਈ ਆਸਟ੍ਰੇਲੀਆ ਦੀ ਬੌਰਡਰ ਫੋਰਸ ਨਾਲ ਸੰਪਰਕ ਕਰੇਗੀ। ਤੁਹਾਨੂੰ ਆਪਣੀ ਪਛਾਣ ਦੇ ਦੂਸਰੇ ਦਸਤਾਵੇਜ਼ ਆਪਣੇ ਨਾਲ ਰੱਖਣੇ ਚਾਹੀਦੇ ਹਨ।

## ਆਸਟ੍ਰੇਲੀਆ ਦੇ ਸਥਾਈ ਵਸਨੀਕ

ਸਥਾਈ ਵਸਨੀਕ ਅਤੇ ਆਰਜ਼ੀ ਪਰਿਵਾਰਕ ਵੀਜ਼ਾ ਧਾਰਕ ਆਸਟ੍ਰੇਲੀਆ ਵਿੱਚ ਦਾਖਲ ਹੋ ਸਕਦੇ ਹਨ। ਛੋਟ ਵਾਲੀਆਂ ਸ਼੍ਰੇਣੀਆਂ ਅਤੇ ਯਾਤਰਾ ਪਾਬੰਦੀਆਂ ਬਾਰੇ ਸਲਾਹ ਵੇਖੋ।

ਸਥਾਈ ਵੀਜ਼ੇ ਵਿੱਚ ਆਮ ਤੌਰ ਤੇ 5 ਸਾਲ ਤੱਕ ਯਾਤਰਾ ਦੀ ਸੁਵਿਧਾ ਹੋਵੇਗੀ। ਜੇ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਜਦੋਂ ਤੁਹਾਡੀ ਸਥਾਈ ਵੀਜ਼ਾ ਯਾਤਰਾ ਸੁਵਿਧਾ ਦੀ ਮਿਆਦ ਸਮਾਪਤ ਹੋ ਜਾਂਦੀ ਹੈ, ਤਾਂ ਤੁਸੀਂ ਆਸਟ੍ਰੇਲੀਆ ਵਿੱਚ ਵਾਪਸ ਨਹੀਂ ਆ ਸਕਦੇ।

ਇਹ ਪਤਾ ਲਗਾਉਣ ਲਈ ਕਿ ਤੁਸੀਂ ਸਥਾਈ ਵਸਨੀਕ ਵਜੋਂ ਆਸਟ੍ਰੇਲੀਆ ਵਿੱਚ ਦੁਬਾਰਾ ਦਾਖਲ ਕਿਵੇਂ ਹੋ ਸਕਦੇ ਹੋ, ਸਥਾਈ ਵਸਨੀਕ ਨੂੰ ਵੇਖੋ।

## ਪਹਿਲੀ ਵਾਰ ਪਹੁੰਚਣ ਦੀ ਤਰੀਕ (ਸ਼ੁਰੂਆਤੀ ਆਮਦ ਤਰੀਕ)

ਇਹ ਜਾਣਕਾਰੀ ਕੇਵਲ ਹੇਠ ਲਿਖੇ ਸਥਾਈ ਅਤੇ ਆਰਜ਼ੀ ਪਰਿਵਾਰਕ ਵੀਜ਼ਾ ਧਾਰਕਾਂ ਉੱਤੇ ਲਾਗੂ ਹੁੰਦੀ ਹੈ:

- ਜੀਵਨ ਸਾਥੀ (ਸਬਕਲਾਸ 309 ਜਾਂ 100)
- ਮਾਪਿਆਂ ਦੇ ਵੀਜ਼ੇ (ਸਬਕਲਾਸ 143 ਜਾਂ 103)
- ਬੱਚਿਆਂ ਦੇ ਵੀਜ਼ੇ (ਸਬਕਲਾਸ 101 ਜਾਂ 102 ਜਾਂ 445)

- ਹੋਰ ਪਰਿਵਾਰਕ ਵੀਜ਼ੇ (ਸਬਕਲਾਸ 114, 115, 116, ਜਾਂ 117)

ਜੇ ਤੁਸੀਂ ਆਪਣੇ ਵੀਜ਼ੇ ਦੀ ਪਹਿਲੀ ਵਾਰ ਪਹੁੰਚਣ ਦੀ ਤਰੀਕ ਤੋਂ ਪਹਿਲਾਂ ਆਸਟ੍ਰੇਲੀਆ ਦੀ ਯਾਤਰਾ ਨਹੀਂ ਕਰ ਸਕਦੇ, ਤਾਂ ਹੋ ਸਕਦਾ ਹੈ ਕਿ ਤੁਸੀਂ ਅਜੇ ਵੀ ਬਾਅਦ ਦੀ ਤਾਰੀਖ ਨੂੰ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਯੋਗ ਹੋਵੋ। ਤੁਹਾਡਾ ਵੀਜ਼ਾ ਵੈਧ ਹੋਣ ਦੀ ਲੋੜ ਹੋਵੇਗੀ ਅਤੇ ਤੁਹਾਨੂੰ ਹੋਰ ਸਾਰੀਆਂ ਲੋੜਾਂ ਅਤੇ ਵੀਜ਼ੇ ਦੀਆਂ ਸ਼ਰਤਾਂ ਨੂੰ ਪੂਰਾ ਕਰਨਾ ਲਾਜ਼ਮੀ ਜਾਰੀ ਰੱਖਣਾ ਚਾਹੀਦਾ ਹੈ।

ਜਦੋਂ ਤੁਸੀਂ ਯਾਤਰਾ ਕਰਨ ਦੀ ਯੋਜਨਾ ਬਣਾਉਂਦੇ ਹੋ, ਤਾਂ ਤੁਹਾਨੂੰ ਯਾਤਰਾ ਸੁਵਿਧਾ ਪੱਤਰ ਬੇਨਤੀ ਫਾਰਮ ਜਮ੍ਹਾਂ ਕਰਵਾਉਣਾ ਚਾਹੀਦਾ ਹੈ।

ਫਿਰ ਅਸੀਂ ਤੁਹਾਨੂੰ ਯਾਤਰਾ ਸੁਵਿਧਾ ਪੱਤਰ ਭੇਜ ਸਕਦੇ ਹਾਂ ਜੋ ਇਹ ਦੱਸ ਸਕਦਾ ਹੈ ਕਿ ਤੁਹਾਨੂੰ ਆਪਣੇ ਵੀਜ਼ੇ ਦੀ ਪਹਿਲੀ ਵਾਰ ਪਹੁੰਚਣ ਦੀ ਤਰੀਕ ਤੋਂ ਬਾਅਦ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੀ ਆਗਿਆ ਹੈ। ਜੇ ਅਸੀਂ ਤੁਹਾਨੂੰ ਯਾਤਰਾ ਸੁਵਿਧਾ ਪੱਤਰ ਦਿੰਦੇ ਹਾਂ, ਤਾਂ ਇਸ ਨੂੰ ਆਪਣੇ ਨਾਲ ਆਪਣੀ ਰਵਾਨਗੀ ਬੰਦਰਗਾਹ/ਹਵਾਈ ਅੱਡੇ ਉੱਤੇ ਨਾਲ ਲਿਆਓ। ਤੁਹਾਨੂੰ ਇਸ ਨੂੰ ਏਅਰਲਾਈਨ ਨਾਲ ਚੈੱਕ-ਇਨ ਕਰਦੇ ਸਮੇਂ ਅਤੇ ਆਸਟ੍ਰੇਲੀਆ ਪਹੁੰਚਣ ਸਮੇਂ ਵਿਖਾਉਣ ਦੀ ਲੋੜ ਪੈ ਸਕਦੀ ਹੈ।

ਯਾਤਰਾ ਸੁਵਿਧਾ ਪੱਤਰ ਉਦੋਂ ਤੱਕ ਜਾਰੀ ਨਹੀਂ ਕੀਤੇ ਜਾਣਗੇ ਜਦੋਂ ਤੱਕ ਤੁਹਾਡੇ ਕੋਲ ਉਪਰੋਕਤ ਪਰਿਵਾਰਕ ਵੀਜ਼ੇ ਵਿੱਚੋਂ ਕੋਈ ਇੱਕ ਨਹੀਂ ਹੈ ਅਤੇ ਤੁਹਾਡੀ ਪਹਿਲੀ ਵਾਰ ਪਹੁੰਚਣ ਵਾਲੀ ਤਰੀਕ ਵਾਸਤੇ 3 ਮਹੀਨਿਆਂ ਤੋਂ ਵੀ ਘੱਟ ਸਮਾਂ ਬਾਕੀ ਹੈ।

**ਨੋਟ ਕਰੋ:** ਪਹਿਲੀ ਵਾਰ ਪਹੁੰਚਣ ਦੀ ਤਰੀਕ (ਸ਼ੁਰੂਆਤੀ ਆਮਦ ਤਰੀਕ) 'ਇਸ ਤਰੀਕ ਤੋਂ ਬਾਅਦ ਲਾਜ਼ਮੀ ਨਹੀਂ ਪਹੁੰਚਣਾ' (ਪਹੁੰਚਣ ਦੀ ਆਖਰੀ ਤਰੀਕ) ਨਾਲੋਂ ਵੱਖਰੀ ਹੈ।

ਜੇ ਤੁਸੀਂ ਯਾਤਰਾ ਸੁਵਿਧਾ ਪੱਤਰ ਲਈ ਬੇਨਤੀ ਕਰ ਰਹੇ ਹੋ, ਤਾਂ ਤੁਹਾਨੂੰ ਲਾਜ਼ਮੀ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ:

- ਤੁਹਾਡੇ ਕੋਲ ਵੈਧ ਸਥਾਈ ਜਾਂ ਆਰਜ਼ੀ ਪਰਿਵਾਰਕ ਵੀਜ਼ਾ ਹੈ
- ਤੁਹਾਡੇ ਵੀਜ਼ਾ ਜਾਰੀ ਹੋਣ ਵਾਲੇ ਪੱਤਰ ਵਿੱਚ ਲਿਖੀ ਪਹਿਲੀ ਵਾਰ ਪਹੁੰਚਣ ਦੀ ਤਰੀਕ (ਸ਼ੁਰੂਆਤੀ ਆਮਦ ਤਰੀਕ) ਲੰਘ ਗਈ ਹੈ ਜਾਂ ਆਸਟ੍ਰੇਲੀਆ ਜਾਣ ਤੋਂ ਪਹਿਲਾਂ ਲੰਘ ਜਾਵੇਗੀ
- ਤੁਸੀਂ ਅਗਲੇ 12 ਮਹੀਨਿਆਂ ਦੇ ਅੰਦਰ ਆਸਟ੍ਰੇਲੀਆ ਜਾਣ ਦੀ ਯੋਜਨਾ ਬਣਾ ਰਹੇ ਹੋ।

ਜੇ ਤੁਹਾਡੇ ਕੋਲ ਸੰਭਾਵਿਤ ਵਿਆਹ (ਸਬਕਲਾਸ 300) ਵਾਲਾ ਵੀਜ਼ਾ ਹੈ, ਤਾਂ ਵਧੇਰੇ ਜਾਣਕਾਰੀ ਵਾਸਤੇ ਵੀਜ਼ਾ ਅਰਜ਼ੀਆਂ ਦੇ ਖ਼ਰਚਿਆਂ ਦੀ ਵਾਪਸੀ ਅਤੇ ਛੋਟਾਂ ਵੇਖੋ।

## ਨਿਊਜ਼ੀਲੈਂਡ ਦੇ ਨਾਗਰਿਕ ਜੋ ਕਿ ਆਮ ਤੌਰ ਤੇ ਆਸਟ੍ਰੇਲੀਆ ਵਿੱਚ ਰਹਿੰਦੇ ਹਨ

ਨਿਊਜ਼ੀਲੈਂਡ ਦੇ ਨਾਗਰਿਕ ਜੋ ਕਿ ਆਮ ਤੌਰ ਤੇ ਆਸਟ੍ਰੇਲੀਆ ਵਿੱਚ ਰਹਿੰਦੇ ਹਨ (ਸਬਕਲਾਸ 444 ਵੀਜ਼ੇ ਨਾਲ ਜਾਂ ਦੂਸਰੇ ਪੱਕੇ ਜਾਂ ਅਸਥਾਈ ਵੀਜ਼ੇ ਨਾਲ), ਉਹ ਆਸਟ੍ਰੇਲੀਆ ਵਿੱਚ ਆ ਸਕਦੇ ਹਨ।

ਜੇ ਤੁਸੀਂ ਆਸਟ੍ਰੇਲੀਆ ਵਿੱਚ ਹਵਾਈ ਜਹਾਜ਼ ਰਾਹੀਂ ਪਹੁੰਚਣ ਤੋਂ ਤੁਰੰਤ ਪਹਿਲਾਂ 14 ਦਿਨਾਂ ਜਾਂ ਇਸ ਤੋਂ ਵੱਧ ਸਮੇਂ ਲਈ ਨਿਊਜ਼ੀਲੈਂਡ ਵਿੱਚ ਨਹੀਂ ਰਹੇ ਹੋ, ਤਾਂ ਤੁਹਾਨੂੰ ਚੈੱਕ-ਇਨ ਕਰਨ ਵੇਲੇ ਵਸਨੀਕ ਹੋਣ ਦੇ ਦਸਤਾਵੇਜ਼ਾਂ ਵਾਲੇ ਸਬੂਤ ਪੇਸ਼ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਵਸਨੀਕ ਹੋਣ ਦੇ ਦਸਤਾਵੇਜ਼ਾਂ ਦੇ ਸਵੀਕਾਰ ਯੋਗ ਸਬੂਤਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ, ਪਰ ਇਹ ਇਹਨਾਂ ਤੱਕ ਸੀਮਤ ਨਹੀਂ ਹਨ:

- ਸਰਕਾਰ ਦੁਆਰਾ ਜਾਰੀ ਕੀਤੇ ਦਸਤਾਵੇਜ਼ (ਉਦਾਹਰਣ ਵਜੋਂ ਆਸਟ੍ਰੇਲੀਆ ਦੁਆਰਾ ਜਾਰੀ ਕੀਤਾ ਡਰਾਈਵਰ ਲਾਇਸੈਂਸ, ਮੈਡੀਕੇਅਰ ਕਾਰਡ, ਆਸਟ੍ਰੇਲੀਆ ਦੇ ਟੈਕਸ ਦਫਤਰ ਦੇ ਨਾਲ ਆਸਟ੍ਰੇਲੀਆ ਦੇ ਵਸਨੀਕ ਵਜੋਂ ਪੰਜੀਕਰਨ) ਜਿਸ ਨੂੰ ਪੁਸ਼ਟੀ ਕਰਨ ਵਾਲੇ ਇੱਕ ਹੋਰ ਕਿਸਮ ਦੇ ਦਸਤਾਵੇਜ਼ ਦੁਆਰਾ ਸਹਿਯੋਗ ਦਿੱਤਾ ਜਾਂਦਾ ਹੈ:
    - ਤੁਹਾਡੇ ਕੋਲ ਆਸਟ੍ਰੇਲੀਆ ਵਿੱਚ ਵਰਤਮਾਨ ਰੁਜ਼ਗਾਰ ਜਾਂ ਮਾਨਤਾ ਪ੍ਰਾਪਤ ਪੜ੍ਹਾਈ ਹੈ (ਜਾਂ ਕਿਸੇ ਸਥਾਨਿਕ ਬੈਂਕ ਸਟੇਟਮੈਂਟ ਦੇ ਰਾਹੀਂ ਸਬੂਤ ਵਜੋਂ ਦਿੱਤੀ ਗਈ ਵਿੱਤੀ ਸਹਾਇਤਾ) ਜਾਂ
    - ਤੁਸੀਂ ਆਸਟ੍ਰੇਲੀਆ ਵਿੱਚ ਜਾਇਦਾਦ ਦੇ ਮਾਲਕ ਹੋ ਜਾਂ ਕਿਰਾਏ ਉੱਤੇ ਲਈ ਹੈ (ਉਦਾਹਰਣ ਵਜੋਂ ਖਪਤਕਾਰੀ ਬਿੱਲ, ਰੇਟਾਂ ਦੀਆਂ ਸੂਚਨਾਵਾਂ, ਕਿਰਾਏਨਾਮਾ)

ਜਦੋਂ ਤੁਸੀਂ ਹਵਾਈ ਅੱਡੇ ਉੱਤੇ ਚੈੱਕ-ਇਨ ਕਰਦੇ ਹੋ ਤਾਂ ਤੁਸੀਂ ਇਸ ਸਬੂਤ ਨੂੰ ਪੇਸ਼ ਕਰ ਸਕਦੇ ਹੋ। ਤੁਹਾਨੂੰ ਉਡਾਣ ਵਿੱਚ ਚੜ੍ਹਨ ਦੀ ਆਗਿਆ ਦਿੱਤੇ ਜਾਣ ਤੋਂ ਪਹਿਲਾਂ ਤੁਹਾਡੇ ਯਾਤਰਾ ਦੇ ਇਤਿਹਾਸ ਦੇ ਹਿਸਾਬ ਨਾਲ ਤੁਹਾਡੇ ਵਸਨੀਕ ਹੋਣ ਦੀ ਪੁਸ਼ਟੀ ਕੀਤੀ ਜਾਵੇਗੀ। ਜੇ ਤੁਹਾਨੂੰ ਕੋਈ ਸ਼ੱਕ ਹੈ ਕਿ ਕੀ ਤੁਹਾਡੇ ਹਾਲਾਤ ਆਮ ਨਿਵਾਸੀ ਵਾਲੀ ਪਰਿਭਾਸ਼ਾ ਵਿੱਚ ਆਉਂਦੇ ਹਨ, ਅਸੀਂ ਸਿਫਾਰਸ਼ ਕਰਦੇ ਹਾਂ ਕਿ ਤੁਹਾਨੂੰ ਮੁਲਾਂਕਣ ਲਈ ਬੇਨਤੀ ਆਪਣੇ ਯੋਜਨਾਬੱਧ ਸਫਰ ਤੋਂ ਘੱਟੋ ਘੱਟ ਦੋ ਹਫਤੇ ਪਹਿਲਾਂ ਪਾਉਣੀ ਚਾਹੀਦੀ ਹੈ।

**ਆਪਣੀ ਬੇਨਤੀ ਦਰਜ਼ ਕਰਵਾਓ**

## ਮੇਰੇ ਕੋਲ ਸ਼ਰਨਾਰਥੀ ਅਤੇ ਇਨਸਾਨੀਅਤ (ਕਲਾਸ XB) ਵੀਜ਼ਾ ਹੈ

COVID-19 ਸਫਰ ਦੀਆਂ ਪਾਬੰਦੀਆਂ ਇਸ ਵੇਲੇ ਲੋਕਾਂ ਨੂੰ ਆਸਟ੍ਰੇਲੀਆ ਵਿੱਚ ਦਾਖਲ ਹੋਣ ਤੋਂ ਰੋਕਦੀਆਂ ਹਨ ਜਦ ਤੱਕ ਕਿ ਉਹ ਆਸਟ੍ਰੇਲੀਆ ਦੇ ਨਾਗਰਿਕ ਜਾਂ ਪੱਕੇ ਵਸਨੀਕ ਨਾ ਹੋਣ।

ਜੇ ਤੁਸੀਂ ਸ਼ਰਨਾਰਥੀ ਅਤੇ ਇਨਸਾਨੀਅਤ (ਕਲਾਸ XB) ਵੀਜ਼ਾ ਧਾਰਕ ਹੋ ਤਾਂ ਤੁਹਾਨੂੰ ਪੱਕਾ ਨਿਵਾਸੀ ਨਹੀਂ ਮੰਨਿਆ ਜਾਂਦਾ ਹੈ, ਜਦ ਤੱਕ ਕਿ ਤੁਸੀਂ ਪਹਿਲਾਂ ਹੀ ਆਸਟ੍ਰੇਲੀਆ ਵਿੱਚ ਦਾਖਲ ਹੋ ਚੁੱਕੇ ਹੋ।

ਸ਼ਰਨਾਰਥੀ ਅਤੇ ਇਨਸਾਨੀਅਤ (ਕਲਾਸ XB) ਵੀਜ਼ਾ ਧਾਰਕ ਜਿੰਨ੍ਹਾਂ ਨੇ ਹਾਲੇ ਆਸਟ੍ਰੇਲੀਆ ਨੂੰ ਸਫਰ ਨਹੀਂ ਕੀਤਾ ਹੈ ਉਹ ਇਸ ਸਮੇਂ ਆਸਟ੍ਰੇਲੀਆ ਵਿੱਚ ਦਾਖਲ ਹੋਣ ਦੇ ਯੋਗ ਨਹੀਂ ਹਨ, ਜਦ ਤੱਕ ਕਿ ਉਹਨਾਂ ਨੇ ਅਰਜ਼ੀ ਪਾਈ ਹੈ ਅਤੇ ਉਹਨਾਂ ਨੂੰ ਛੋਟ ਦੇ ਦਿੱਤੀ ਗਈ ਸੀ। ਵਧੇਰੇ ਜਾਣਕਾਰੀ ਲਈ, ਸਫਰ ਦੀਆਂ ਪਾਬੰਦੀਆਂ ਵੇਖੋ।

## ਛੋਟ ਲਈ ਔਨਲਾਈਨ ਅਰਜ਼ੀ ਦਿਓ

ਕਿਰਪਾ ਕਰਕੇ ਇਕ ਵਿਅਕਤੀ ਲਈ ਕੇਵਲ ਇਕ ਹੀ ਬੇਨਤੀ ਕਰੋ। ਦੂਹਰੀਆਂ ਬੇਨਤੀਆਂ ਮੁਲਾਂਕਣ ਵਿੱਚ ਦੇਰੀ ਕਰਨਗੀਆਂ। ਜੇ ਤੁਹਾਨੂੰ ਛੋਟ ਪ੍ਰਦਾਨ ਨਹੀਂ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਸਫਰ ਦੀਆਂ ਯੋਜਨਾਵਾਂ ਨੂੰ ਜਾਰੀ ਨਹੀਂ ਰੱਖਣਾ ਚਾਹੀਦਾ ਹੈ, ਕਿਉਂਕਿ ਤੁਹਾਨੂੰ ਆਸਟ੍ਰੇਲੀਆ ਵਾਲੀ ਉਡਾਣ ਵਿੱਚ ਚੜ੍ਹਨ ਨਹੀਂ ਦਿੱਤਾ ਜਾਵੇਗਾ। ਜੇਕਰ ਤੁਹਾਨੂੰ ਸਫਰ ਕਰਨ ਦੀ ਛੋਟ ਮਿਲ ਜਾਂਦੀ ਹੈ, ਤੁਹਾਨੂੰ ਉਸ ਛੋਟ ਦੇ ਫੈਸਲੇ ਦਾ ਸਬੂਤ ਆਪਣੇ ਨਾਲ ਜ਼ਰੂਰ ਹਵਾਈ ਅੱਡੇ ਉੱਤੇ ਲਿਆਉਣ ਦੀ ਲੋੜ ਪਵੇਗੀ।

ਯਾਤਰਾ ਵਿੱਚ ਛੋਟਾਂ ਲਈ ਅਰਜ਼ੀ ਦਿਓ